ਵਿਸ਼ਾ - ਪੰਜਾਬੀ ਇਲੈੱਕਟਿਵ ਜਮਾਤ - ਬਾਰ੍ਹਵੀਂ

# ਸੂਫੀ ਕਵੀ ਮੀਆਂ ਵਜੀਦ

**ਪ੍ਰਸ਼ਨ - ਵਜੀਦ ਜੀ ਦਾ ਜਨਮ ਕਦੋਂ ਹੋਇਆ ?**

**ਉੱਤਰ - 1525 ਈਸਵੀ ।**

**ਪ੍ਰਸ਼ਨ - ਵਜੀਦ ਜੀ ਕਿਸ ਕਾਲ ਦੇ ਕਵੀ ਹੋਏ ਹਨ ?**

**ਉੱਤਰ - ਮੱਧਕਾਲ ।**

**ਪ੍ਰਸ਼ਨ - ਵਜੀਦ ਜੀ ਨੇ ਕਿੰਨੇ ਗ੍ਰੰਥਾਂ ਦੀ ਰਚਨਾ ਕੀਤੀ ?**

**ਉੱਤਰ - 14 .**

**ਪ੍ਰਸ਼ਨ - ਵਜੀਦ ਜੀ ਨੇ ਆਪਣੇ ਸਲੋਕਾਂ ਵਿਚ ਕਿਹੜੇ ਛੰਦ ਦੀ ਵਰਤੋਂ ਕੀਤੀ ਹੈ ?**

**ਉੱਤਰ - ਅੜਿਲ ।**

**ਪ੍ਰਸ਼ਨ - ਵਜੀਦ ਅਨੁਸਾਰ ਕਿਸਨੂੰ ਮੋੜਿਆ ਜਾਂ ਰੋਕਿਆ ਨਹੀਂ ਜਾ ਸਕਦਾ ?**

**ਉੱਤਰ - ਰੱਬ ਦੇ ਭਾਣੇ ਨੂੰ ।**

ਪ੍ਰਸ਼ਨ - ਵਜੀਦ ਜੀ ਅਨੁਸਾਰ ਰੱਬ ਦੇ ਭਾਣੇ ਵਿਚ ਕੌਣ ਨੰਗੇ ਪੈਰੀਂ ਜੁੱਤੀਆਂ ਪਾ ਕੇ ਘੁੰਮਦੇ ਹਨ ?

ਉੱਤਰ - ਪੰਡਿਤ / ਵਿਦਵਾਨ ।

ਪ੍ਰਸ਼ਨ - ਵਜੀਦ ਜੀ ਅਨੁਸਾਰ ਰੱਬ ਦੇ ਭਾਣੇ ਵਿਚ ਕੌਣ ਹਾਥੀਆਂ ਤੇ ਘੋੜਿਆਂ ਦੀ ਸਵਾਰੀ ਕਰਦੇ ਹਨ ?

ਉੱਤਰ - ਮੂਰਖ ।

ਪ੍ਰਸ਼ਨ - ਵਜੀਦ ਜੀ ਅਨੁਸਾਰ ਰੱਬ ਦੇ ਭਾਣੇ ਵਿਚ ਕਿਸ ਦੇ ਘਰ ਸਿਆਣਿਆਂ ਨੂੰ ਮਜ਼ਦੂਰੀ ਕਰਨੀ ਪੈਂਦੀ ਹੈ ?

ਉੱਤਰ - ਮੂਰਖ ਦੇ ।

ਪ੍ਰਸ਼ਨ - ਮੂਰਖ ਨੂੰ ਅਸਵਾਰੀ ਹਾਥੀ ਘੋੜਿਆਂ ਸਲੋਕ ਵਿਚ ਵਜੀਦ ਜੀ ਨੇ ਕਿਸ ਬਾਰੇ ਵਿਅੰਗ ਕੀਤਾ ਹੈ ?

ਉੱਤਰ - ਸਮਾਜਿਕ ਅਨਿਆਂ ।

ਪ੍ਰਸ਼ਨ - ਵਜੀਦ ਜੀ ਅਨੁਸਾਰ ਰੱਬ ਦੇ ਭਾਣੇ ਵਿਚ ਕੌਣ ਇਮਾਨਦਾਰ ਬਣੇ ਫਿਰਦੇ ਹਨ ?

ਉੱਤਰ - ਠੱਗ ।

ਪ੍ਰਸ਼ਨ - ਰੱਬ ਦੇ ਭਾਣੇ ਵਿਚ ਕਿਹੋ ਜਿਹੀਆਂ ਗੱਲਾਂ ਹੁੰਦੀਆਂ ਹਨ ?

ਉੱਤਰ - ਉਲਟੀਆਂ ।

ਪ੍ਰਸ਼ਨ - ਇਕਨਾਂ ਦੇ ਧਨ ਪਲੇ ਸ਼ਾਹ ਸਦਾਇੰਦੇ ਸਲੋਕ ਵਿਚ ਜ਼ਿਕਰ ਹੈ ?

ਉੱਤਰ - ਅਮੀਰੀ-ਗ਼ਰੀਬੀ ਦਾ ।

ਪ੍ਰਸ਼ਨ - ਵਜੀਦ ਜੀ ਅਨੁਸਾਰ ਕੌਣ ਰੱਬ ਦੇ ਭਾਣੇ ਵਿਚ ਦੁੱਧ-ਮਲਾਈਆਂ ਤੇ ਚੂਰੀਆਂ ਖਾਂਦੇ ਹਨ ?

ਉੱਤਰ - ਚੋਰ ।

ਪ੍ਰਸ਼ਨ - ਵਜੀਦ ਅਨੁਸਾਰ ਮਨੁੱਖ ਨੂੰ ਕਿਸ ਚੀਜ਼ ਦਾ ਹੰਕਾਰ ਨਹੀਂ ਕਰਨਾ ਚਾਹੀਦਾ ?

ਉੱਤਰ - ਧਨ ਤੇ ਜਵਾਨੀ ਦਾ ।

ਪ੍ਰਸ਼ਨ - ਵਜੀਦ ਜੀ ਅਨੁਸਾਰ ਕਿਹੜੀ ਚੀਜ਼ ਕੱਚ ਦੀ ਚੂੜੀ ਵਰਗੀ ਹੈ ?

ਉੱਤਰ - ਮਨੁੱਖ ਦੀ ਦੇਹ ।

ਪ੍ਰਸ਼ਨ - ਵਜੀਦ ਜੀ ਅਨੁਸਾਰ ਕਿਹੜੀ ਚੀਜ਼ ਸਥਿਰ ਹੈ ?

ਉੱਤਰ - ਰੱਬ ਦਾ ਨਾਮ ।

ਪ੍ਰਸ਼ਨ - ਵਜੀਦ ਜੀ ਅਨੁਸਾਰ ਹਰ ਇੱਕ ਕੰਮ ਕਿਸਦੇ ਅਨੁਸਾਰ ਹੋ ਰਿਹਾ ਹੈ ?

ਉੱਤਰ - ਰੱਬ ਦੇ ਭਾਣੇ ਅਨੁਸਾਰ ।

ਪ੍ਰਸ਼ਨ - ਵਜੀਦ ਜੀ ਅਨੁਸਾਰ ਰੱਬ ਦੇ ਹੱਥ ਵਿਚ ਕੀ ਫੜੀ ਹੋਈ ਹੈ ?

ਉੱਤਰ - ਬੰਦੂਕ ।

ਪ੍ਰਸ਼ਨ - ਵਜੀਦ ਨੇ ਆਪਣੇ ਸਲੋਕਾਂ ਵਿਚ ਸਾਹਿਬ ਕਿਸ ਨੂੰ ਕਿਹਾ ਹੈ ?

ਉੱਤਰ - ਰੱਬ ਨੂੰ ।

ਪ੍ਰਸ਼ਨ - ਵਜੀਦ ਜੀ ਅਨੁਸਾਰ ਰੱਬ ਦੇ ਭਾਣੇ ਵਿਚ ਮਨੁੱਖਾਂ ਨੂੰ ਮਾਰ ਕੇ ਲੋਕਾਂ ਨੂੰ ਲੁੱਟਣ ਵਾਲੇ ਚੋਰਾਂ ਨੂੰ ਕੀ ਪ੍ਰਾਪਤ ਹੁੰਦਾ ਹੈ ?

ਉੱਤਰ - ਪਸ਼ੂਆਂ ਦੇ ਵੱਗ ।

ਪ੍ਰਸ਼ਨ - ਵਜੀਦ ਜੀ ਅਨੁਸਾਰ ਘੜੀ-ਘੜੀ ਵਜਦਾ ਘੜਿਆਲ ਕਿਸ ਗੱਲ ਦੀ ਚੇਤਾਵਨੀ ਦੇ ਰਿਹਾ ਹੈ ?

ਉੱਤਰ - ਨੇੜੇ ਆ ਰਹੀ ਮੌਤ ਦੀ ।

ਪ੍ਰਸ਼ਨ - ਵਜੀਦ ਜੀ ਅਨੁਸਾਰ ਰੱਬ ਦੇ ਭਾਣੇ ਵਿਚ ਘਿਓ-ਸ਼ੱਕਰ ਤੇ ਮੈਦੇ ਦੇ ਪਕਵਾਨ ਕਿਨ੍ਹਾਂ ਨੂੰ ਮਿਲਦੇ ਹਨ ?

ਉੱਤਰ - ਕੁੱਤਿਆਂ ਨੂੰ ।

ਪ੍ਰਸ਼ਨ - ਵਜੀਦ ਅਨੁਸਾਰ ਅਗਿਆਨੀ ਕਿਹੜੇ ਭਰਮ ਕਰਕੇ ਜੀਵ ਗਿਆਨ ਦੀ ਗੱਲ ਨਹੀਂ ਸਮਝਦਾ ?

ਉੱਤਰ - ਝੂਠੀ ਮਾਇਆ ਦੇ ਭਰਮ ਕਰਕੇ ।



★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ 7508727529 ★

★ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰਡੋਰੀ ਰਣ ਸਿੰਘ। ★